# ਨਾਮ ਲਿਖਣਾ

**ਲੋੜੀਂਦੀਆਂ ਸਮੱਗਰੀਆਂ:** ਕਾਗਜ਼, ਕ੍ਰੇਓਨ, ਮਾਰਕਰ, ਪੈਂਸਿਲਾਂ ਜਾਂ ਪੈਨ

**ਸਟੈਪ** 1: ਆਪਣੇ ਬੱਚੇ ਨੂੰ ਉਸਦੇ ਮਨਪਸੰਦ ਵਿਅਕਤੀ ਜਾਂ ਚੀਜ਼ ਦੀ ਤਸਵੀਰ ਬਣਾਉਣ ਲਈ ਆਖੋ।

**ਸਟੈਪ** 2: ਡ੍ਰਾਇੰਗ ਪੂਰੀ ਹੋਣ ਤੇ, ਆਪਣੇ ਬੱਚੇ ਨੂੰ ਤਸਵੀਰ ਤੇ ਦਸਤਖ਼ਤ ਕਰਨ ਲਈ ਆਖੋ। ਆਪਣੇ ਬੱਚੇ ਨੂੰ ਉਸਦਾ ਪਹਿਲਾ ਅਤੇ ਆਖ਼ਰੀ ਨਾਮ ਲਿਖਣ ਲਈ ਅਤੇ ਇਕੱਲੇ ਹੀ ਇਹ ਸਭ ਕਰਨ ਲਈ ਉਤਸ਼ਾਹਿਤ ਕਰੋ।

**ਸਟੈਪ** 3: ਜੇਕਰ ਤੁਸੀਂ ਆਪਣੇ ਬੱਚੇ ਦੇ ਅਧਿਆਪਕ ਨਾਲ ਔਨਲਾਈਨ ਸਿਖਲਾਈ ਸੈਸ਼ਨ ਦੇ ਦੌਰਾਨ ਆਪਣੇ ਬੱਚੇ ਦੀ ਡ੍ਰਾਇੰਗ ਸਾਂਝੀ ਕਰ ਸਕਦੇ ਹੋ, ਤਾਂ ਆਪਣੇ ਬੱਚੇ ਨੂੰ ਇਸ ਬਾਰੇ ਗੱਲ ਕਰਨ ਲਈ ਉਤਸ਼ਾਹਿਤ ਕਰੋ ਕਿ ਉਹਨਾਂ ਨੇ ਕਿਸਦੀ ਡ੍ਰਾਇੰਗ ਬਣਾਈ ਹੈ ਅਤੇ ਉਹ ਵਿਅਕਤੀ ਜਾਂ ਚੀਜ਼ ਉਸਦੀ ਮਨਪਸੰਦ ਕਿਉਂ ਹੈ। ਜੇਕਰ ਔਨਲਾਈਨ ਸੈਸ਼ਨ ਸੰਭਵ ਨਹੀਂ ਹੈ, ਤਾਂ ਡ੍ਰਾਇੰਗ ਦੀ ਤਸਵੀਰ ਖਿੱਚੋ ਅਤੇ ਇਹ ਸਪਸ਼ਟ ਕਰਦੇ ਹੋਏ ਆਪਣੇ ਬੱਚੇ ਦੇ ਅਧਿਆਪਕ ਨੂੰ ਭੇਜੋ ਕਿ ਉਹ ਕੀ ਹੈ। ਫੋਟੋ ਵਿੱਚ ਬੱਚੇ ਤੋਂ ਨਾਮ ਲਿਖਵਾਉਣਾ ਯਕੀਨੀ ਬਣਾਓ।

WaKIDS Washington Kindergarten Inventory of Developing Skills
Washington Office of Superintendent of PUBLIC INSTRUCTION